ਨੰ: 20 ਮਿਤੀ - 10/6/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸ਼ਾਖਾ)

ਦਫਤਰੀ ਹੁਕਮ

ਸਿੰਚਾਈ ਵਿਭਾਗ, ਪੰਜਾਬ ਵਿੱਚ ਜਿਲੇਦਾਰਾਂ ਤੋ ਬਤੌਰ ਡਿਪਟੀ ਕੁਲੈਕਟਰ ਪੱਦ ਉਨਤੀਆਂ ਡਿਪਟੀ ਕੁਲੈਕਟਰਾਂ ਦੀਆਂ ਸੇਵਾਵਾਂ " ਦੀ ਪੰਜਾਬ ਪਬਲਿਕ ਵਰਕਸ ਡਿਪਾਰਟਮੈਂਟ (ਇਰੀਗੇਸਨ ਬਰਾਂਚ) ਡਿਪਟੀ ਕੁਲੈਕਟਰਜ ਸਟੇਟ ਸਰਵਿਸ ਕਲਾਸ-2 ਨਿਯਮਾਂਵਲੀ, 1955 " ਅਧੀਨ ਰੈਗੂਲੇਟ ਹੁੰਦੀਆਂ ਹਨ। ਇਨ੍ਹਾਂ ਨਿਯਮਾਂ ਦੇ ਨਿਯਮ-6 ਵਿੱਚ ਹੇਠ ਲਿਖੇ ਅਨੁਸਾਰ ਉਪਬੰਧ ਹੈ:-

**Method of Recruitment**

6. All appointments to the Service shall be made from among the Zilladars "with 10 years service as such" in the Punjab Public Works Department (Irrigation Branch) Zilladars State Service, Class-IIIPurely by selection. No Zilladar shall be entitled to such appointment as of right.

2. ਉਪਰੋਕਤ ਰੂਲਾਂ/ਉਪਬੰਧਾਂ ਤੋਂ ਇਲਾਵਾ ਪ੍ਰਸੋਨਲ ਵਿਭਾਗ (ਪੀ.ਪੀ.-1 ਸਾਖਾ) ਵਲੋ ਜਾਰੀ ਹਦਾਇਤਾਂ ਨੰ:4/43/09-3ਪੀਪੀ1/573, ਮਿਤੀ 17.7.2012 ਅਨੁਸਾਰ ਸੁਪਰਡੰਟ ਗਰੇਡ-1 ਤੋ ਹੇਠਾਂ ਦੀਆ ਮਨਿਸਟਰੀਅਲ ਸੇਵਾਵਾਂ ਤੋ ਇਲਾਵਾ ਤਕਨੀਕੀ ਅਸਾਮੀਆਂ, ਜੋ ਸੁਪਰਡੰਟ ਗਰੇਡ-1 ਦੇ ਸਮਾਨ ਪੇ ਸਕੇਲ ਜਮਾਂ ਗਰੇਡ ਤੋ ਹੇਠਾਂ ਦੀਆਂ ਅਸਾਮੀਆਂ ਹਨ, ਦੀਆਂ ਪੱਦ-ਉਨਤੀਆਂ ਵੀ ਪ੍ਰਬੰਧਕੀ ਸਕੱਤਰ (ਨਿਯੁਕਤੀ ਕਰਤਾ ਅਧਿਕਾਰੀ) ਦੀ ਪੱਧਰ ਤੇ ਬਿਨ੍ਹਾਂ ਡੀ.ਪੀ.ਸੀ. ਤੋਂ ਨਿਯਮਾਂ ਅਨੁਸਾਰ ਕਰ ਲਈ ਜਾਵੇ, ਪਰੰਤੂ ਬੈਂਚ ਮਾਰਕ ਅਤੇ ਹੋਰ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪ੍ਰਤੀ-ਪੂਰਤੀ ਯਕੀਨੀ ਬਣਾਈ ਜਾਵੇ।

3. ਇਹਨਾਂ ਉਪਰੋਕਤ ਉਪਬੰਧਾਂ/ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਦੇ ਸਨਮੁੱਖ ਸਿੰਚਾਈ ਵਿਭਾਗ ਵਿੱਚ ਡਿਪਟੀ ਕੁਲੈਕਟਰਾਂ ਦੀਆਂ 02 ਖਾਲ੍ਹੀ ਅਸਾਮੀਆਂ ਵਿਰੁੱਧ ਜਿਲ੍ਹੇਦਾਰਾਂ ਤੋਂ ਬਤੌਰ ਡਿਪਟੀ ਕੁਲੈਕਟਰ ਪੱਦ ਉਨਤੀਆਂ ਕਰਨ ਲਈ 02 ਯੋਗ ਉਮੀਦਵਾਰਾਂ ਦੇ ਨਾਮ ਸਮਰੱਥ ਅਥਾਰਟੀ ਦੀ ਪੱਧਰ ਤੇ ਵਿਚਾਰੇ ਗਏ ਅਤੇ ਵਿਚਾਰਨ ਉਪਰੰਤ ਯੋਗ ਪਾਏ ਗਏ । ਇਸ ਲਈ ਇਹਨਾਂ ਹੇਠ ਲਿਖੇ 02 ਜਿਲ੍ਹੇਦਾਰਾਂ ਨੂੰ ਬਤੌਰ ਡਿਪਟੀ ਕੁਲੈਕਟਰ, ਤਨਖਾਹ ਸਕੇਲ 10300-34800+5000 (ਗ੍ਰੇਡ ਪੇਅ) ਵਿੱਚ ਪੱਦ ਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਨਾਮ | ਸੀਨੀਆਰਤਾ ਨੰ: |
|---|---|---|
| 1. | ਸ੍ਰੀ ਜਗਜੀਤ ਸਿੰਘ | 28 |
| 2. | ਸ੍ਰੀ ਵੇਦ ਪ੍ਰਕਾਸ ਢੀਂਗਰਾਂ | 30 |

4. ਇਹ ਪੱਦ ਉਨਤੀਆਂ ਹੇਠ ਲਿੱਖੀਆਂ ਸ਼ਰਤਾਂ ਤੇ ਅਧਾਰਿਤ ਹੋਣਗੀਆਂ:-

ੳ) ਪੱਦ ਉਨਤ ਹੋਣ ਵਾਲੇ ਅਧਿਕਾਰੀਆਂ ਨੂੰ ਰੂਲਾਂ/ਹਦਾਇਤਾਂ ਅਨੁਸਾਰ ਪਰਖ ਕਾਲ ਦਾ ਸਮਾਂ ਪੂਰਾ ਕਰਨਾ ਹੋਵੇਗਾ।

ਅ) ਮਾਨਯੋਗ ਸੁਪਰੀਮ ਕੋਰਟ ਵੱਲੋਂ 85ਵੀਂ ਸੰਵਿਧਾਨਿਕ ਸੋਧ ਦੇ ਸਬੰਧ ਵਿੱਚ ਮਿਤੀ 19.10.2006 ਨੂੰ ਦਿੱਤੇ ਫੈਸਲੇ ਦੀ ਰੋਸ਼ਨੀ ਵਿੱਚ ਪ੍ਰਸੋਨਲ ਵਿਭਾਗ ਵੱਲੋਂ ਜੋ ਨੀਤੀ ਨਿਰਧਾਰਿਤ ਕੀਤੀ ਜਾਵੇਗੀ, ਉਸ ਦੀ ਪਾਲਣਾ ਕਰਨ ਦੇ ਪਾਬੰਦ ਹੋਣਗੇ ਅਤੇ ਪ੍ਰਬੰਧਕੀ

ਚਲਦਾ ਪੰਨਾ.........2

ਜ਼ਰੂਰਤਾਂ ਦੇ ਅਧਾਰ ਤੇ ਜੇਕਰ ਕੋਈ ਤਬਦੀਲੀ ਆਈ ਤਾਂ ਇਹ ਪੱਦ ਉਨਤੀਆ ਮੁੜ ਵਿਚਾਰੀਆ ਜਾ ਸਕਦੀਆਂ ਹਨ।

ੲ) ਇਹ ਪੱਦ-ਉਨਤੀਆਂ ਸਿਵਲ ਰਿੱਟ ਪਟੀਸ਼ਨ ਨੰ:15374 ਆਫ 2014-ਵੈਦ ਪ੍ਰਕਾਸ਼ ਢੀਂਗਰਾ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਵਿੱਚ ਮਾਨਯੋਗ ਅਦਾਲਤ ਵਲੋਂ ਮਿਤੀ 05.08.2014 ਨੂੰ ਦਿੱਤੇ ਹੁਕਮਾਂ ਅਨੁਸਾਰ ਸਿਵਲ ਰਿੱਟ ਦੇ ਫੈਸਲੇ ਤੇ ਨਿਰਭਰ ਕਰਨਗੀਆਂ।

ਹੁਕਮ ਹੁ-ਬ-ਹੂ ਹੇਠ ਲਿਖੇ ਅਨੁਸਾਰ ਹੈ:-

" Promotion, if any, shall be subject to the outcome of the writ petition."

ਸ) ਇਹ ਪੱਦ ਉਨਤੀਆਂ ਉਕਤ ਰਿੱਟ ਤੋ ਇਲਾਵਾ ਹੋਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਜੇਕਰ ਕੋਈ ਲੰਬਿਤ ਸਿਵਲ ਰਿੱਟ ਪਟੀਸ਼ਨਾਂ ਲੰਬਿਤ ਹੋਣਗੀਆਂ ਤਾਂ ਉਨ੍ਹਾਂ ਵਿੱਚ ਹੋਣ ਵਾਲੇ ਫੈਸਲਿਆਂ ਦੇ ਸਿੱਟਿਆਂ ਦੀ ਸ਼ਰਤ ਤੇ ਅਧਾਰਿਤ ਹੋਣਗੀਆਂ।

ਹ) ਇਹ ਪੱਦ ਉਨਤੀਆਂ ਕਰਨ ਨਾਲ ਫੀਡਰ ਕਾਡਰ (ਸਭ ਤੋਂ ਹੇਠਲੇ ਕਾਡਰ) ਵਿੱਚ ਖਾਲ੍ਹੀ ਹੋਣ ਵਾਲੀ ਅਸਾਮੀ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 19.06.2000 ਦੀ ਰੋਸ਼ਨੀ ਵਿੱਚ ਖਤਮ (Abolished) ਸਮਝੀ ਜਾਣਗੀਆਂ।

ਕ) ਇਹ ਹੁਕਮ ਡਿਪਟੀ ਕੁਲੈਕਟਰ ਦੀ ਅਸਾਮੀ ਦਾ ਚਾਰਜ ਸੰਭਾਲਣ ਦੀ ਮਿਤੀ ਤੋਂ ਲਾਗੂ ਹੋਣਗੇ।

**ਮਿਤੀ, ਚੰਡੀਗੜ੍ਹ:**
10/06/2015

**ਕਾਹਨ ਸਿੰਘ ਪੰਨੂ**
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਨੰ:8/13/2014-2ਸਿੰਪ੍ਰੋ(2)/ 50 6065/3 **ਮਿਤੀ, ਚੰਡੀਗੜ੍ਹ:** 10/6/2015

ਉਪਰੋਕਤ ਦਾ ਇੱਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
2. ਸਬੰਧਤ ਅਧਿਕਾਰੀ।
3. ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਸੁਪਰਡੰਟ

<u>**ਅੰਦਰੂਨੀ ਵੰਡ:**</u>

1. ਨਿੱਜੀ ਸਕੱਤਰ/ਸਿੰਚਾਈ ਮੰਤਰੀ।
2. ਨਿੱਜੀ ਸਕੱਤਰ/ਸਕੱਤਰ, ਸਿੰਚਾਈ।
3. ਸ.ਸ.ਸ./ਅ.ਸ.ਸਿੰ (ਜ)।
4. ਸ.ਸ.ਸ./ਅ.ਸ.ਸਿੰ (ਹ)।
5. ਸੁਪਰਡੰਟ, ਸਿੰਚਾਈ ਪ੍ਰਸੋਨਲ-1, 3, ਸਿੰਚਾਈ ਪ੍ਰੋਜੈਕਟ ਅਤੇ ਸਿੰਚਾਈ ਕਾਰਜ ਸ਼ਾਖਾਵਾਂ।

ਨੰ: 19/cc ਮਿਤੀ - 10/6/15

**ਪੰਜਾਬ ਸਰਕਾਰ**
**ਸਿੰਚਾਈ ਵਿਭਾਗ**
(ਸਿੰਚਾਈ ਪ੍ਰਸੋਨਲ-2 ਸ਼ਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਸਿੰਚਾਈ ਵਿਭਾਗ ਦੇ ਨਿਮਨ ਲਿਖਤ ਡਿਪਟੀ ਕੁਲੈਕਟਰਾਂ ਨੂੰ ਸਰਕਾਰ ਦੇ ਹੁਕਮ ਨੰ:8/13/2014-2ਸਪ2/506065/1-3 ਮਿਤੀ 10/6/2015 ਰਾਹੀਂ ਪੱਦ-ਉਨਤ ਕੀਤਾ ਗਿਆ ਸੀ ਜਿਨ੍ਹਾਂ ਦੀ ਤੈਨਾਤੀ ਹੇਠ ਅਨੁਸਾਰ ਕੀਤੀ ਜਾਂਦੀ ਹੈ:-

| ਲੜੀ ਨੰ: | ਨਾਮ | ਦਫਤਰ ਦਾ ਨਾਮ ਜਿਥੇ ਤੈਨਾਤੀ ਕੀਤੀ ਜਾਂਦੀ ਹੈ | ਵਿਸ਼ੇਸ਼ ਕਥਨ |
|---|---|---|---|
| 1. | ਸ੍ਰੀ ਜਗਜੀਤ ਸਿੰਘ | ਫਰੀਦਕੋਟ ਨਹਿਰ ਮੰਡਲ ਫਰੀਦਕੋਟ | ਖਾਲੀ ਥਾਂ ਤੇ |
| 2. | ਸ੍ਰੀ ਵੇਦ ਪ੍ਰਕਾਸ ਢੀਂਗਰਾਂ | ਗੁਰਦਾਸਪੁਰ ਡਵੀਜਨ ਯੂ.ਬੀ.ਡੀ.ਸੀ. ਗੁਰਦਾਸਪੁਰ | ਖਾਲੀ ਥਾਂ ਤੇ |

2. ਇਹ ਹੁਕਮ ਮਾਨਯੋਗ ਸਿੰਚਾਈ ਮੰਤਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

3. ਇਹ ਹੁਕਮ ਤੁਰੰਤ ਲਾਗੂ ਹੋਣਗੇ।

**ਮਿਤੀ, ਚੰਡੀਗੜ੍ਹ:**
10/06/2015

**ਕਾਹਨ ਸਿੰਘ ਪੰਨੂ**
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਨੰ:8/13/2014-2ਸਿੰਪ੍ਰੋ(2)/506170/3 **ਮਿਤੀ, ਚੰਡੀਗੜ੍ਹ:** 10/6/2015

ਉਪਰੋਕਤ ਦਾ ਇੱਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
2. ਸਬੰਧਤ ਕਾਰਜਕਾਰੀ ਇੰਜੀਨੀਅਰ, ਸਿੰਚਾਈ ਵਿਭਾਗ, ਪੰਜਾਬ ।
3. ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
4. ਸਬੰਧਤ ਅਧਿਕਾਰੀ ।

ਸੁਪਰਡੰਟ

**ਅੰਦਰੂਨੀ ਵੰਡ:**

1. ਨਿੱਜੀ ਸਕੱਤਰ/ਸਿੰਚਾਈ ਮੰਤਰੀ।
2. ਨਿੱਜੀ ਸਕੱਤਰ/ਸਕੱਤਰ, ਸਿੰਚਾਈ।
3. ਸ.ਸ.ਸ./ਅ.ਸ.ਸਿੰ (ਜ)।
4. ਸ.ਸ.ਸ./ਅ.ਸ.ਸਿੰ (ਹ)।
5. ਸੁਪਰਡੰਟ, ਸਿੰਚਾਈ ਪ੍ਰਸੋਨਲ-1, 3, ਸਿੰਚਾਈ ਪ੍ਰੋਜੈਕਟ ਅਤੇ ਸਿੰਚਾਈ ਕਾਰਜ ਸ਼ਾਖਾਵਾਂ ।
6. ਵਾਧੂ ਕਾਪੀ ।